# ਆਕਾਸ਼ਵਾਣੀ ਜਲੰਧਰ

# ਪ੍ਰਦੇਸ਼ਿਕ ਖਬਰਾਂ ਪੰਜਾਬੀ

**13:10 Pm**

**ਮਿਤੀ: 20-02-2025**

ਭਾਜਪਾ ਦੇ ਪਹਿਲੀ ਵਾਰ ਵਿਧਾਇਕ ਬਣੇ ਰੇਖਾ ਗੁਪਤਾ ਨੇ ਅੱਜ ਦੁਪਹਿਰੇ ਰਾਸ਼ਟਰੀ ਰਾਜਧਾਨੀ ਦੇ ਪ੍ਰਸਿੱਧ ਰਾਮਲੀਲਾ ਮੈਦਾਨ ਵਿਚ ਦਿੱਲੀ ਦੇ ਨਵੀਂ ਮੁੱਖ ਮੰਤਰੀ ਵਜੋਂ ਸਹੁੰ ਚੁੱਕੀ। ਦਿੱਲੀ ਦੇ ਉਪ ਰਾਜਪਾਲ ਵੀਕੇ ਸਕਸੈਨਾ ਨੇ ਸ਼੍ਰੀਮਤੀ ਗੁਪਤਾ ਨੂੰ ਅਹੁਦੇ ਅਤੇ ਸਰਕਾਰੀ ਭੇਤ ਗੁਪਤ ਰਖਣ ਦੀ ਸਹੁੰ ਚੁਕਾਈ। ਛੇ ਕੈਬਨਿਟ ਮੰਤਰੀਆਂ Parvesh Sahib Singh, Ashish Sood, Manjinder Singh Sirsa, Ravinder Indraj Singh, Kapil Mishra and Pankaj Kumar Singh ਨੇ ਵੀ ਸਹੁੰ ਚੁੱਕੀ । ਸਹੁੰ ਚੁੱਕ ਸਮਾਗਮ ਦੌਰਾਨ ਪ੍ਰਧਾਨ ਮੰਤਰੀ ਨਰਿੰਦਰ ਮੋਦੀ, ਕੇਂਦਰੀ ਗ੍ਰਿਹ ਮੰਤਰੀ ਅਮਿਤ ਸ਼ਾਹ, ਰੱਖਿਆ ਮੰਤਰੀ ਰਾਜਨਾਥ ਸਿੰਘ ਅਤੇ ਕਈ ਕੇਂਦਰੀ ਮੰਤਰੀ ਮੌਜੂਦ ਸਨ। ਇਸ ਸਮਾਗਮ ਵਿਚ ਕਈ ਰਾਜਾਂ ਦੇ ਮੁੱਖ ਮੰਤਰੀ ਅਤੇ ਉਪ ਮੁੱਖ ਮੰਤਰੀ ਵੀ ਸ਼ਾਮਲ ਹੋਏ। ਸਹੁੰ ਚੁੱਕਣ ਤੋਂ

ਬਾਅਦ ਰੇਖਾ ਗੁਪਤਾ ਦਿੱਲੀ ਦੇ ਚੌਥੇ ਮਹਿਲਾ ਮੁੱਖ ਮੰਤਰੀ ਅਤੇ ਭਾਜਪਾ ਤੋਂ ਦੂਜੇ ਮਹਿਲਾ ਮੁੱਖ ਮੰਤਰੀ ਬਣ ਗਏ ਨੇ।

-----------------------------------------------------------

ਪੰਜਾਬ ਵਿਚ, ਧੋਖੇਬਾਜ਼ ਟਰੈਵਲ ਏਜੰਟਾਂ ਖਿਲਾਫ਼ ਪੰਜ ਹੋਰ FIRs ਦਰਜ ਕੀਤੀਆਂ ਗਈਆਂ ਨੇ, ਜਿਨ੍ਹਾਂ ਨੇ ਕਥਿਤ ਤੌਰ 'ਤੇ ਭੋਲੇ ਭਾਲੇ ਨੌਜਵਾਨਾਂ ਨੂੰ ਅਮਰੀਕਾ ਵਿਚ ਗੈਰ-ਕਾਨੂੰਨੀ ਢੰਗ ਨਾਲ ਪਹੁੰਚਾਉਣ ਦੇਣ ਦੇ ਝੂਠੇ ਵਾਅਦੇ ਕਰ ਕੇ ਧੋਖਾ ਦਿੱਤਾ, ਜਿਸ ਦੇ ਨਤੀਜੇ ਵਜੋਂ ਇਹਨਾਂ ਨੂੰ ਦੇਸ਼ ਵਾਪਿਸ ਭੇਜਿਆ ਗਿਆ। ਇਸ ਦੇ ਨਾਲ ਹੁਣ ਤੱਕ ਕੁੱਲ 15 FIRs ਦਰਜ ਕੀਤੀਆਂ ਗਈਆਂ ਨੇ ਅਤੇ ਤਿੰਨ ਗ੍ਰਿਫਤਾਰੀਆਂ ਕੀਤੀਆਂ ਗਈਆਂ ਨੇ। ਪੰਜਾਬ ਪੁਲਿਸ ਦੀ ਵਿਸ਼ੇਸ਼ ਪੜਤਾਲੀਆ ਟੀਮ  ਜਿਸ ਦਾ ਗਠਨ ਪੁਲਿਸ ਦੇ ਐਡੀਸ਼ਨਲ Director General Praveen Sinha ਦੀ ਕਮਾਨ ਹੇਠ ਕੀਤਾ ਗਿਆ ਏ, ਇਹ ਐਸ.ਆਈ.ਟੀ. ਉਨਾਂ ਟਰੈਵਲ ਏਜੰਟਾਂ ਦੀ ਭੂਮਿਕਾ ਦੀ ਜਾਂਚ ਕਰ ਰਹੀ ਏ, ਜੋ ਸੁਰੱਖਿਅਤ ਅਤੇ ਕਾਨੂੰਨੀ ਇਮੀਗ੍ਰੇਸ਼ਨ ਰੂਟਾਂ ਦਾ ਵਾਅਦਾ ਕਰ ਕੇ ਪੀੜਤਾਂ ਤੋਂ ਮੋਟੀਆਂ ਰਕਮਾਂ ਵਸੂਲ ਰਹੇ ਨੇ ਪਰ, ਇਹਨਾਂ ਪੀੜਤਾਂ ਨੂੰ ਅਮਾਨਵੀ ਸਥਿਤੀਆਂ,

ਨਜ਼ਰਬੰਦੀ ਅਤੇ ਆਖਿਰਕਾਰ ਦੇਸ਼ ਨਿਕਾਲੇ ਦਾ ਸਾਹਮਣਾ ਕਰਨਾ ਪੈ ਰਿਹਾ ਏ। ਸਾਡੇ ਜਲੰਧਰ ਵਾਲੇ ਪੱਤਰਕਾਰ ਨੇ ਖਬਰ ਦਿੱਤੀ ਏ ਕਿ SIT ਮਨੁੱਖੀ ਤਸਕਰਾਂ ਦੇ ਪੂਰੇ ਨੈੱਟਵਰਕ ਦੀ ਪਛਾਣ ਨੂੰ ਹੱਲ ਕਰਨ ਲਈ ਸਾਈਬਰ ਅਪਰਾਧ ਇਕਾਈਆਂ, ਮਾਲੀ ਪ੍ਰਸ਼ਾਸਨ ਅਤੇ ਕੇਂਦਰੀ ਏਜੰਸੀਆਂ ਨਾਲ ਵੀ ਸਰਗਰਮੀ ਨਾਲ ਤਾਲਮੇਲ ਕਰ ਰਹੀ ਏ। ਇਸ ਦੌਰਾਨ ਕਈ ਗ੍ਰਿਫਤਾਰੀਆਂ ਹੋਈਆਂ ਨੇ ਅਤੇ ਮਨੁੱਖੀ ਤਸਕਰੀ ਦੇ ਨੈੱਟਵਰਕ ਨਾਲ ਜੁੜੇ ਵਿਅਕਤੀਆਂ ਦੇ ਬੈਂਕ ਖਾਤੇ ਫ੍ਰੀਜ਼ ਕੀਤੇ ਗਏ ਨੇ ।

----------------------------------------------------------------

ਪੰਜਾਬ ਦੇ ਮੁੱਖ ਮੰਤਰੀ ਭਗਵੰਤ ਸਿੰਘ ਮਾਨ ਨੇ ਸਪੱਸ਼ਟ ਤੌਰ ਤੇ ਕਿਹਾ ਏ ਕਿ ਪੰਜਾਬ ਦੇ ਕੋਲ ਦੂਜੇ ਸੂਬਿਆਂ ਨਾਲ ਵੰਡਣ ਲਈ ਪਾਣੀ ਦੀ ਇਕ ਬੂੰਦ ਵੀ ਨਹੀਂ ਏ। ਬੀਤੀ ਸ਼ਾਮ ਰਾਵੀ ਬਿਆਸ ਵਾਟਰ ਟ੍ਰਿਬਿਊਨਲ ਦੇ ਚੇਅਰਮੈਨ ਜਸਟਿਸ ਵਿਨੀਤ ਸਰਨ ਨਾਲ ਮੀਟਿੰਗ ਦੌਰਾਨ ਮੁੱਖ ਮੰਤਰੀ ਨੇ ਦੁਹਰਾਇਆ ਕਿ ਪੰਜਾਬ ਦੇ ਕੋਲ ਕਿਸੇ ਹੋਰ ਸੂਬੇ ਨਾਲ ਸਾਂਝਾ ਕਰਨ ਲਈ ਵਾਧੂ ਪਾਣੀ ਨਹੀਂ ਏ ਤੇ ਅੰਤਰਰਾਸ਼ਟਰੀ ਨੇਮਾਂ ਮੁਤਾਬਕ ਪਾਣੀ ਦੀ ਉਪਲਬਧਤਾ ਦਾ ਮੁੜ ਮੁਲੰਕਣ ਕਰਨਾ ਜ਼ਰੂਰੀ ਏ। ਉਨ੍ਹਾਂ ਕਿਹਾ ਕਿ

153 ਵਿੱਚੋਂ 117 ਬਲਾਕਾਂ ਵਿਚ ਪਾਣੀ ਦੀ ਹੋ ਰਹੀ ਦੁਰਵਰਤੋਂ ਕਾਰਨ ਸਥਿਤੀ ਏਨੀ ਨਾਜ਼ੁਕ ਬਣੀ ਹੋਈ ਏ ਕਿ ਪੰਜਾਬ ਕੋਲ ਬਹੁਤ ਘੱਟ ਪਾਣੀ ਬਚਿਆ ਏ, ਜੋ ਕਿ ਅਨਾਜ ਉਤਪਾਦਕਾਂ ਨੂੰ ਮੁਹੱਈਆ ਕਰਵਾ ਰਹੇ ਹਾਂ। ਇਸ ਅਹਿਮ ਮੀਟਿੰਗ ਵਿਚ ਟ੍ਰਿਬਿਊਨਲ ਦੇ ਮੈਂਬਰ ਜਸਟਿਸ ਪੀ. ਨਵੀਨ ਰਾਓ ਤੇ ਜਸਟਿਸ ਸੁਮਨ ਸ਼ਿਆਮ ਦੇ ਨਾਲ ਰਜਿਸਟਰਾਰ ਰੀਟਾ ਚੋਪੜਾ ਵੀ ਸ਼ਾਮਲ ਸਨ।

-------------------------------------------------------------

ਪੰਜਾਬ ਵਿੱਚ ਨਸ਼ਿਆਂ ਦੀ ਸਮਸਿਆ ਨਾਲ ਨਜਿੱਠਣ ਲਈ, ਰਾਜ ਦੇ ਸਿਹਤ ਅਤੇ ਪਰਿਵਾਰ ਭਲਾਈ ਮੰਤਰੀ ਡਾ: ਬਲਬੀਰ ਸਿੰਘ ਨੇ ਰਾਜ ਵਿਚ ਇਕ ਵਿਆਪਕ ਮਾਨਸਿਕ ਸਿਹਤ ਨੀਤੀ ਬਣਾਉਣ ਲਈ ਕਲ ਮਾਹਿਰਾਂ ਨਾਲ ਵਿਚਾਰ ਵਟਾਂਦਰਾ ਕੀਤਾ। "ਪੰਜਾਬ ਦੀ ਤੰਦਰੁਸਤੀ ਦੀ ਯਾਤਰਾ: ਮਾਨਸਿਕ ਤੰਦਰੁਸਤੀ ਨਾਲ" ਵਿਸ਼ੇ 'ਤੇ ਮਾਹਿਰਾਂ ਦੀ ਮੀਟਿੰਗ ਦੀ ਪ੍ਰਧਾਨਗੀ ਕਰਦਿਆਂ ਡਾ: ਬਲਬੀਰ ਸਿੰਘ ਨੇ ਨਸ਼ੇ ਕਰਨ ਵਾਲਿਆਂ ਨਾਲ ਨਜਿੱਠਣ ਲਈ ਮਾਨਸਿਕ ਸਿਹਤ ਅਤੇ ਤੰਦਰੁਸਤੀ 'ਤੇ ਕੇਂਦਰਿਤ ਵਿਆਪਕ ਪਹੁੰਚ ਦੀ ਮਹੱਤਤਾ ਨੂੰ ਉਜਾਗਰ ਕੀਤਾ। ਉਨ੍ਹਾਂ ਕਿਹਾ ਕਿ

ਨਸ਼ੇ ਨਾਲ ਜੁੜੇ ਕਲੰਕ ਨੂੰ ਖਤਮ ਕਰ ਕੇ ਨਸ਼ਾ ਕਰਨ ਵਾਲਿਆਂ ਨਾਲ ਹਮਦਰਦੀ ਨਾਲ ਪੇਸ਼ ਆਉਣਾ ਚਾਹੀਦਾ ਏ । ਉਨ੍ਹਾਂ ਕਿਹਾ ਕਿ ਨਸ਼ੇ ਕਰਨ ਵਾਲਿਆਂ ਨੂੰ ਆਪਣੀਆਂ ਚੁਣੌਤੀਆਂ ਦਾ ਸਾਹਮਣਾ ਕਰਨ ਲਈ ਸਮਾਜ ਦੇ ਸਹਿਯੋਗ ਦੀ ਲੋੜ ਏ ।

-----------------------------------------------------

ਦੇਸ਼ ਦੀ ਬਜ਼ੁਰਗ ਆਬਾਦੀ ਦੀਆਂ ਸਿਹਤ ਸੰਭਾਲ ਜ਼ਰੂਰਤਾਂ ਨੂੰ ਪੂਰਾ ਕਰਨ ਲਈ ਪੱਛਮੀ ਕਮਾਂਡ ਕਮਾਂਡ ਹਸਪਤਾਲ ਨੇ 'ਜੇਰੀਆਟ੍ਰਿਕ ਨਰਸਿੰਗ ਸੰਕਲਪਾਂ: ਚੁਣੌਤੀਆਂ ਅਤੇ ਅੱਗੇ ਦਾ ਰਸਤਾ' ਵਿਸ਼ੇ 'ਤੇ ਇੰਟਰ-ਕਮਾਂਡ ਕੰਟੀਨਿਊਇੰਗ ਨਰਸਿੰਗ ਐਜੂਕੇਸ਼ਨ ਪ੍ਰੋਗਰਾਮ ਦੀ ਮੇਜ਼ਬਾਨੀ ਕੀਤੀ। ਇਸ ਪ੍ਰੋਗਰਾਮ ਦਾ ਉਦੇਸ਼ ਨਰਸਿੰਗ ਪੇਸ਼ੇਵਰਾਂ ਨੂੰ ਜੇਰੀਆਟ੍ਰਿਕ ਸਬੰਧੀ ਚੁਣੌਤੀਆਂ ਨਾਲ ਨਜਿੱਠਣ ਲਈ ਲੋੜੀਂਦੀ ਜਾਣਕਾਰੀ, ਹੁਨਰ ਅਤੇ ਸਭ ਤੋਂ ਵਧੀਆ ਅਭਿਆਸਾਂ ਨਾਲ ਲੈਸ ਕਰਨਾ ਸੀ। ਇਸ ਪ੍ਰੋਗਰਾਮ ਤਹਿਤ ਲੈਕਚਰ, ਹੁਨਰ ਸੈਸ਼ਨਸ ਅਤੇ ਪੈਨਲ ਚਰਚਾ ਕਰਵਾਈ ਗਈ। ਜੇਰੀਐਟ੍ਰਿਕ ਸੋਸਾਇਟੀ ਆਫ਼ ਇੰਡੀਆ ਦੇ ਪ੍ਰਧਾਨ ਡਾ. ਸਜੇਸ਼ ਅਸ਼ੋਕਨ ਨੇ "ਏਜਿੰਗ ਵੈੱਲ: ਏਕੀਕ੍ਰਿਤ ਤਕਨਾਲੋਜੀ ਅਤੇ ਕਰੁਣਾ " ਵਿਸ਼ੇ 'ਤੇ ਮੁੱਖ

ਭਾਸ਼ਣ ਦਿੱਤਾ, ਜਿਸ ਵਿਚ ਸੰਪੂਰਨ ਜੇਰੀਐਟ੍ਰਿਕ ਦੇਖਭਾਲ ਦੀ ਮਹੱਤਤਾ 'ਤੇ ਜ਼ੋਰ ਦਿੱਤਾ ਗਿਆ। ਕਮਾਂਡ ਹਸਪਤਾਲ ਵੈਸਟਰਨ ਕਮਾਂਡ ਦੇ ਕਮਾਂਡੈਂਟ ਮੇਜਰ ਜਨਰਲ ਮੈਥਿਊਜ਼ ਜੈਕਬ ਅਤੇ ਕਰਨਲ ਵਿਵੇਕ ਅਗਰਵਾਲ ਨੇ ਵੀ ਇਸ ਦੌਰਾਨ ਭਾਵਪੂਰਤ ਚਰਚਾ ਕੀਤੀ।

---------------------------------------------------

ਪੰਜਾਬ ਦੇ ਕਈ ਜ਼ਿਲ੍ਹਿਆਂ ਵਿਚ ਰਾਤ ਤੋਂ ਤੇਜ਼ ਹਵਾਵਾਂ ਨਾਲ ਰੁਕ ਰੁਕ ਕੇ ਮੀਂਹ ਪੈ ਰਿਹਾ ਏ। ਪਿਛਲੇ 24 ਘੰਟਿਆਂ ਵਿਚ ਔਸਤ ਵੱਧ ਤੋਂ ਵੱਧ ਤਾਪਮਾਨ ਵਿਚ 1.1 ਡਿਗਰੀ ਸੈਲਸੀਅਸ ਦੀ ਗਿਰਾਵਟ ਦਰਜ ਕੀਤੀ ਗਈ ਏ। ਮੌਸਮ ਵਿਭਾਗ ਨੇ ਅੱਜ ਜਲੰਧਰ ਸਮੇਤ 4 ਜ਼ਿਲਿਆਂ ਵਿਚ ਮੀਂਹ ਪੈਣ ਸਬੰਧੀ ਯੈਲੋ ਅਲਰਟ ਜਾਰੀ ਕੀਤਾ ਏ।